ਅੰਕ 15

ਅਪ੍ਰੈਲ 2020 ਵਿੱਚ ਛਪਿਆ

"ਗ਼ਰੀਬ ਦਾ ਮੂੰਹ, ਗੁਰੂ ਦੀ ਗੋਲਕ"

# ਗੁਰੂ ਅਮਰ ਦਾਸ ਅਪਾਹਜ ਆਸ਼ਰਮ

# GURU AMAR DAS APAHAJ ASHRAM

## ਲਾਵਾਰਸਾਂ ਬੇਸਹਾਰਿਆਂ ਲਈ ਘਰ

## Home for Homeless

### "ਕਰਦੇ ਮੱਦਦ ਗ਼ਰੀਬ ਦੀ, ਤੇਰਾ ਸੁਖੀ ਵੱਸੇ ਸੰਸਾਰ"

- ਆਸ਼ਰਮ ਵਿੱਚ 150 ਦੇ ਕਰੀਬ ਲਾਵਾਰਸ, ਬੇਸਹਾਰਾ, ਬੇਘਰ, ਅਪਾਹਜ, ਨੇਤਰਹੀਣ, ਗ਼ਰੀਬ ਬਿਮਾਰ, ਦਿਮਾਗੀ ਸੰਤੁਲਨ ਗੁਆ ਚੁੱਕੇ ਲੋੜਵੰਦ ਰਹਿੰਦੇ ਹਨ ।
- ਆਸ਼ਰਮ ਵਿੱਚ ਰਹਿਣ ਵਾਲੇ ਸਾਰੇ ਲੋੜਵੰਦਾਂ ਨੂੰ ਹਰ ਇੱਕ ਜ਼ਰੂਰੀ ਵਸਤੂ ਮੁਫ਼ਤ ਮਿਲਦੀ ਹੈ ।
- ਕਿਸੇ ਵੀ ਲੋੜਵੰਦ ਕੋਲੋਂ ਕੋਈ ਵੀ ਫ਼ੀਸ ਜਾ ਖਰਚਾ ਆਦਿ ਨਹੀਂ ਲਿਆ ਜਾਂਦਾ ।
- ਇਹ ਚੈਰੀਟੇਬਲ ਰਜਿ. ਸੰਸਥਾ ਹੈ ਅਤੇ ਸਾਰੀ ਜ਼ਮੀਨ-ਜਾਇਦਾਦ ਆਸ਼ਰਮ ਦੇ ਨਾਮ ਹੈ ।



- About 150 homeless, destitute, disabled, mentally challenged, blind paralyzed, poor sick patients are living in the Ashram.
- Everything required is provided for FREE.
- No fee is charged from any inmate.
- Regd. Charitable NGO with whole property in the name of Ashram.

Mobile (India) : 95018-42505, 95018-42506

PRICE : FREE

## ਆਸ਼ਰਮ ਵਿੱਚ ਹੋ ਰਹੀ ਸੇਵਾ ਵਾਰੇ ਸੰਖੇਪ ਵਿੱਚ :

- ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ (ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜੱਦੀ ਪਿੰਡ) ਦੇ ਨਜ਼ਦੀਕ ਬਣੇ ਇਸ ਆਸ਼ਰਮ ਵਿੱਚ ਤਕਰੀਬਨ ਡੇਢ ਸੌ (150) ਦੇ ਕਰੀਬ ਲਾਵਾਰਸ, ਅਪਾਹਜ, ਬੇਘਰ, ਬੇਸਹਾਰਾ, ਨੇਤਰਹੀਣ, ਅਧਰੰਗ ਦੀ ਬਿਮਾਰੀ ਨਾਲ ਪੀੜਤ, ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਗਰੀਬ ਬਿਮਾਰ ਲੋੜਵੰਦ ਰਹਿੰਦੇ ਹਨ ।
- ਇਹਨਾਂ ਵਿੱਚੋਂ 70-75 ਅਜਿਹੇ ਹਨ ਜਿਹੜੇ ਪੂਰੀ ਹੋਸ਼-ਹਵਾਸ਼ ਨਾ ਹੋਣ ਕਾਰਨ ਆਪਣੇ ਵਾਰੇ ਕੁੱਝ ਵੀ ਦੱਸਣ ਤੋਂ ਅਸਮਰੱਥ ਹਨ । 50-55 ਲੋੜਵੰਦ ਅਜਿਹੇ ਹਨ ਜੋ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਵੀ ਕਪੜਿਆਂ ਵਿੱਚ ਹੀ ਕਰਦੇ ਹਨ ।
- ਅਜਿਹੇ ਲੋਵਵੰਦਾਂ ਦੀ ਨਿਸ਼ਕਾਮ ਸੇਵਾ-ਸੰਭਾਲ ਕਰਨ ਦੇ ਨਾਲ-ਨਾਲ ਮੰਜਾ ਬਿਸਤਰਾ, ਗੁਰੂ ਦਾ ਲੰਗਰ, ਮੈਡੀਕਲ ਸਹਾਇਤਾ, ਕੱਪੜੇ ਆਦਿ ਹਰ ਵਸਤੂ ਮੁਫ਼ਤ ਮਿਲਦੀ ਹੈ । ਕਿਸੇ ਵੀ ਲੋੜਵੰਦ ਕੋਲੋਂ ਕੋਈ ਵੀ ਫ਼ੀਸ ਜਾਂ ਖ਼ਰਚਾ ਆਦਿ ਨਹੀਂ ਲਿਆ ਜਾਂਦਾ ।
- ਇਹਨਾਂ ਮਰੀਜ਼ਾਂ ਤੇ ਆਉਣ ਵਾਲਾ ਲੱਖਾਂ ਰੁਪਏ ਮਹੀਨੇ ਦਾ ਖ਼ਰਚਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚਲਦਾ ਹੈ ।
- ਆਮ ਬਿਮਾਰੀਆਂ ਨਾਲ ਪੀੜਤ ਲੋੜਵੰਦਾਂ ਦਾ ਇਲਾਜ ਡਾ. ਰਾਹੁਲ (BAMS) ਅਤੇ ਦਿਮਾਗੀ ਸੰਤੁਲਨ ਗੁਆ ਚੁੱਕੇ ਮਰੀਜ਼ਾਂ ਦਾ ਇਲਾਜ ਦਿਆਨੰਦ ਹਸਪਤਾਲ ਦੇ ਡਾ. ਆਰ. ਐਲ. ਨਾਰੰਗ (MD) ਕਰਦੇ ਹਨ ।
- 16 ਕਰਮਚਾਰੀ (employee) ਅਤੇ 10 ਦੇ ਕਰੀਬ ਬੇਘਰ ਵਲੰਟੀਅਰ ( ਜੋ ਕਿ ਆਸ਼ਰਮ ਵਿੱਚ ਆਉਣ ਸਮੇਂ ਬਿਮਾਰ ਸਨ ਪਰ ਹੁਣ ਠੀਕ ਹਨ) ਸੇਵਾ ਕਰਦੇ ਹਨ ।
- ਆਸ਼ਰਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ । ਸਵੇਰੇ ਸ਼ਾਮ ਗੁਰਬਾਣੀ ਦਾ ਨਿਤਨੇਮ ਹੁੰਦਾ ਹੈ ।

## ਡਾ. ਨੌਰੰਗ ਸਿੰਘ ਮਾਂਗਟ ਵਾਰੇ ਸੰਖੇਪ ਵਿੱਚ

- **ਜਨਮ :** 10 ਫਰਵਰੀ 1951, ਪਿੰਡ ਜਟਾਣਾ, ਨਜ਼ਦੀਕ ਦੋਰਾਹਾ, ਜ਼ਿਲ੍ਹਾ ਲੁਧਿਆਣਾ ।
- **ਮਾਤਾ-ਪਿਤਾ :** ਗੁਰਦਿਆਲ ਕੌਰ-ਹਰਨਾਮ ਸਿੰਘ
- **ਪਤਨੀ :** ਪਰਮਜੀਤ ਕੌਰ (M.A., B.Ed.), ਸਾਬਕਾ ਅਧਿਆਪਕਾ ਬਾਬਾ ਈਸ਼ਰ ਸਿੰਘ ਸੀ.ਸੈ. ਪਬਲਿਕ ਸਕੂਲ, ਲੁਧਿਆਣਾ ।
- **ਐਜੂਕੇਸ਼ਨ :** B.Sc. (Hons) 1974, M.Sc. (Hons) 1976, Ph.D. (1988) (ਸਟੈਟਿਸਟਿਕਸ), ਪੰਜਾਬ ਐਗਰੀਕਲਚਰ ਯੂਨੀਵਰਸਿਟੀ (ਪੀ.ਏ.ਯੂ.), ਲੁਧਿਆਣਾ ।
- **ਪ੍ਰੋਫ਼ੈਸਰ (ਸਟੈਟਿਸਟਿਕਸ) :** ਪੀ.ਏ.ਯੂ. ਲੁਧਿਆਣਾ (1977-1996) ।
- **ਸਾਇੰਸਦਾਨ (ਸਟੈਟਿਸਟਿਕਸ) :** ਯੂਨੀਵਰਸਿਟੀ ਆਫ਼ ਵਿੰਡਸਰ, ਕੈਨੇਡਾ (1994) ।
- **ਸੀਨੀਅਰ ਸਾਇੰਸਦਾਨ :** ਮੌਰੀਸਨ ਸਾਇੰਟਿਫ਼ਿਕ ਕੰਪਨੀ, ਕੈਲਗਰੀ, (1996-2004)।
- **ਫ਼ੈਲੋ :** ਰਾਇਲ ਸਟੈਟਿਸਟੀਕਲ ਸੋਸਾਇਟੀ, ਲੰਡਨ, U.K. (1997-2004)।

## ਖੋਜ ਕਾਰਜ (Research Work)

60 ਦੇ ਕਰੀਬ ਖੋਜ-ਪੱਤਰ ਅਮਰੀਕਾ, ਕੈਨੇਡਾ, ਇੰਗਲੈਂਡ, ਜਰਮਨੀ, ਇਟਲੀ, ਮੈਕਸੀਕੋ ਅਤੇ ਭਾਰਤ ਦੇ ਮਸ਼ਹੂਰ ਖੋਜ ਰਸਾਲਿਆਂ ਵਿੱਚ ਪ੍ਰਕਾਸ਼ਤ ਹੋਣ ਤੋਂ ਇਲਾਵਾ ਉਹ ਨੀਦਰਲੈਂਡ, ਲੰਡਨ ਅਤੇ ਅਮਰੀਕਾ ਤੋਂ ਕਲੂਵਰ ਐਕਡੈਮਿਕ ਅਤੇ ਸਪਰਿੰਗਰ-ਵੈਰਲਾਗ (ਜਰਮਨੀ) ਵੱਲੋਂ ਪ੍ਰਕਾਸ਼ਿਤ ਹੋ ਚੁੱਕੀ ਕਿਤਾਬ "ਐਲੀਮੈਂਟਸ ਆਫ਼ ਸਰਵੇ ਸੈਂਪਲਿੰਗ" ਦਾ ਲੇਖਕ ਵੀ ਹੈ । ਡਾ. ਮਾਂਗਟ ਵੱਲੋਂ ਸੈਂਪਲ ਸਰਵੇ ਵਿੱਚ ਈਜਾਦ ਕੀਤੀਆਂ ਕਈ ਨਵੀਆਂ ਤਕਨੀਕਾਂ ਨੂੰ ਕਿਤਾਬਾਂ ਵਿੱਚ ਵੀ ਸ਼ਾਮਲ ਕੀਤਾ ਗਿਆ ਹੈ । ਅੰਤਰਰਾਸ਼ਟਰੀ ਖੋਜ ਰਸਾਲਿਆਂ ਵਿੱਚ ਛਪਣ ਵਾਲੇ ਖੋਜ-ਪੱਤਰਾਂ ਅਤੇ ਛਪਣ ਵਾਲੀਆਂ ਕਿਤਾਬਾਂ ਦੀ ਰੈਫ਼ਰੀ ਵਜੋਂ ਵੀ ਸੇਵਾ ਨਿਭਾਈ ।

## Brief Life History of Dr. Naurang Singh Mangat

- Birth : February 10, 1951, village Jatana (near Doraha), Dist. Ludhiana.
- Parents : Father- Harnam Singh, Mother- Gurdial Kaur.
- Wife : Parmjit Kaur (M.A., B.Ed.), former teacher of Baba Isher Singh Senior Secondary Public School, Ludhiana.
- Education : B.Sc. (Hons) 1974; M.Sc. (Hons) 1976 ; Ph.D. 1988. All degrees in “Statistics” from Punjab Agricultural University (PAU), Ludhiana.
- Professor (Statistics) : Punjab Agricultural University, Ludhiana (1977-1996).
- Scientist (Statistics) : Department of Math and Stat, University of Windsor, Canada (1994).
- Immigrated to Canada with family under skill category on February 18, 1996.
- Senior Scientist (Statistics) : Morrison Scientific Inc., Calgary, Canada (1996-2004).
- Fellow : Royal Statistical Society, London, England (1997-2004).

## Research Work

- Published about 60 research papers in Statistics and related fields in the world famous journals of USA, Canada, England, Germany, Italy, Mexico and India.
- New sampling techniques developed by him have been included in books published in India and abroad.
- Co-author of text book “Elements of Survey Sampling” published by Kluwer Academic Publishers based in Dordretch (Netherlands), London (UK) and Boston (USA) but now owned by Springer - Verlag Publishers of Germany.
- Worked as a referee for the journals and books published in India and abroad.

## ਸੇਵਾ ਦੀ ਸ਼ੁਰੂਆਤ (2005-2009)

ਡਾ. ਨੌਰੰਗ ਸਿੰਘ ਮਾਂਗਟ ਨੇ ਨੌਕਰੀ ਕਰਦਿਆਂ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਸੈਂਕੜੇ ਲੋੜਵੰਦ ਵਿਦਿਆਰਥੀਆਂ ਦੀ ਨਿੱਜੀ ਤੌਰ ਤੇ ਮਾਇਕ ਸਹਾਇਤਾ ਕੀਤੀ । ਲਾਵਾਰਸ, ਬੇਸਹਾਰਾ, ਬੇਘਰ, ਅਪਾਹਜ ਲੋਕਾਂ ਦੀ ਸੇਵਾ-ਸੰਭਾਲ ਕਰਨ ਲਈ ਆਪ ਕੈਨੇਡਾ ਛੱਡ ਕੇ ਲੁਧਿਆਣਾ ਆ ਗਏ ਅਤੇ 23 ਅਗਸਤ 2005 ਨੂੰ **"ਗੁਰੂ ਅਮਰ ਦਾਸ ਅਪਾਹਜ ਆਸ਼ਰਮ"** ਸੰਸਥਾ ਰਜਿਸਟਰਡ ਕਰਵਾ ਲਈ । ਸਾਦਾ ਲਿਬਾਸ (ਕੁੜਤਾ-ਪਜਾਮਾ) ਪਾਇਆ ਅਤੇ ਸਾਈਕਲ ਚੁੱਕ ਕੇ ਸੜਕਾਂ ਕੰਢੇ ਪਏ ਲਾਵਾਰਸਾਂ, ਮਜ਼ਦੂਰ ਕਲੋਨੀਆਂ ਤੇ ਝੁੱਗੀਆਂ-ਝੌਂਪੜੀਆਂ ਵਿੱਚ ਸਹਾਇਤਾ ਲਈ ਅਜਿਹੇ ਗ਼ਰੀਬ ਬਿਮਾਰ ਲੋਕਾਂ ਲਈ ਮਸੀਹਾ ਬਣਕੇ ਬਹੁੜੇ ਜਿਹਨਾਂ ਦੀ ਹਾਲਤ ਹੇਠ ਲਿਖਿਆਂ ਕਾਵਿ ਸਤਰਾਂ ਜਿਹੀ ਹੁੰਦੀ ਹੈ :



ਸਾਇਕਲ ਤੇ ਸੇਵਾ ਕਰਦੇ
ਹੋਏ ਡਾ. ਮਾਂਗਟ

"ਨਾ ਘਰ-ਬਾਰ ਨ ਖੀਸੇ ਦਮੜੀ, ਨਾ ਕੋਈ ਸੁਣੇ ਪੁਕਾਰ ।
ਗਰਮੀ ਸਰਦੀ ਬਾਰਸ਼ ਨ੍ਹੇਰੀ, ਭੁੰਜੇ ਲਈਆਂ ਗੁਜ਼ਾਰ ।

ਪੇਟੋਂ ਭੁੱਖਾ ਬਦਨੋਂ ਨੰਗਾ, ਜ਼ਿੰਦ ਕੋਮਲ ਅਧਮੋਈ ।
ਤਾਰਿਆਂ ਛਾਉਂ ਰੈਣ ਬਸੇਰਾ, ਨਾ ਖਟੀਆ ਨਾ ਲੋਈ ।

ਅੰਤਕਾਲ ਵੀ ਛੱਤੋਂ ਵਾਂਝਾ, ਕਫ਼ਨ ਕਿਸੇ ਨਾ ਪਾਇਆ ।
ਲਾਸ਼ ਵਿਚਾਰੀ ਧੂੜ ਚ ਰੁਲਗੀ, ਰੋਣ ਕਿਸੇ ਨਾ ਆਇਆ"।

ਬੇਸਹਾਰਾ ਬਿਮਾਰ ਲੋਕਾਂ ਨੂੰ ਡਾਕਟਰ ਨੂੰ ਦਿਖਾਉਂਦੇ, ਜ਼ਿਆਦਾ ਨਾਜ਼ੁਕ ਹਾਲਤ ਵਾਲੇ ਨੂੰ ਹਸਪਤਾਲ ਦਾਖ਼ਲ ਕਰਵਾਉਂਦੇ ਅਤੇ ਕਈ ਵਾਰ ਰਾਤ ਨੂੰ ਹਸਪਤਾਲ ਵਿੱਚ ਰਹਿ ਕੇ ਉਸ ਦੀ ਆਪ ਦੇਖ-ਭਾਲ ਕਰਦੇ। ਸਾਈਕਲ 'ਤੇ ਫਿਰਕੇ ਸੇਵਾ ਕਰਦਿਆਂ ਭਾਵੇਂ ਅਨੇਕਾਂ ਦੁੱਖ ਤਕਲੀਫ਼ਾਂ, ਔਕੜਾਂ ਆਈਆਂ ਪਰ ਆਪ ਨੇ ਸਬਰ, ਸੰਤੋਖ, ਨਿਮ੍ਰਤਾ ਦਾ ਪੱਲਾ ਨਹੀਂ ਛੱਡਿਆ। ਮਨ ਵਿੱਚ ਇਹ ਦ੍ਰਿੜ ਕਰਕੇ "ਤੁਰਿਆ ਚੱਲ ਫ਼ਕੀਰਾ, ਹੁਣ ਪਿੱਛੇ ਮੁੜ ਕੇ ਵੇਖੀਂ ਨਾ" ਹੌਲੀ-ਹੌਲੀ ਆਸ਼ਰਮ ਦਾ ਮੁੱਢ ਬੰਨ੍ਹਣ ਵਿੱਚ ਲੱਗੇ ਰਹੇ ।

ਮਰੀਜ਼ਾਂ ਦੀ ਵਧ ਰਹੀ ਸੰਖਿਆ ਨੂੰ ਦੇਖਦਿਆਂ ਸਭ ਤੋਂ ਪਹਿਲੇ ਟਾਈਟਲ ਸਫੇ 'ਤੇ ਫੋਟੋ ਵਿੱਚ ਦਿਸ ਰਹੀ ਆਸ਼ਰਮ ਦੀ ਇਹ ਤਿੰਨ ਮੰਜ਼ਲੀ ਬਿਲਡਿੰਗ ਲੇਡੀਜ਼ ਨੂੰ ਛੱਡੀ ਜਾਵੇਗੀ । ਪੁਰਸ਼ਾਂ ਲਈ ਅਲੱਗ ਬਿਲਡਿੰਗ ਬਣਾਉਣ ਦੀ ਤਿਆਰੀ ਹੈ ਜਿਸ ਲਈ ਸੰਗਤਾਂ ਦੇ ਸਹਿਯੋਗ ਦੀ ਲੋੜ ਹੈ ।

## Condition of Patient before admission, & after care in the Ashram
## (ਆਸ਼ਰਮ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ, ਅਤੇ ਸੰਭਾਲ ਉਪਰੰਤ ਮਰੀਜ਼ ਦੀ ਹਾਲਤ)

ਦਿਮਾਗੀ ਸੰਤੁਲਨ ਗੁਆ ਚੁੱਕਾ ਸੜਕਾਂ ਕੰਢੇ ਰਹਿਣ ਵਾਲਾ ਅਸ਼ੋਕ
(Mentally challenged Ashok who was living on roadside)



ਸੰਭਾਲ ਉਪਰੰਤ ਅਸ਼ੋਕ
(After care Ashok)



ਦਿਮਾਗੀ ਸੰਤੁਲਨ ਗੁਆ ਚੁੱਕੀ ਸੜਕਾਂ ਕੰਢੇ ਰਹਿਣ ਵਾਲੀ ਬਲਵਿੰਦਰ
(Mentally challenged Balwinder Kaur who was living on roadside)



ਸੰਭਾਲ ਉਪਰੰਤ ਬਲਵਿੰਦਰ
(After care Balwinder Kaur)



ਦਿਮਾਗੀ ਸੰਤੁਲਨ ਗੁਆ ਚੁੱਕੀ ਸੜਕਾਂ ਕੰਢੇ ਰਹਿ ਰਹੀ ਪਰਮੀਲਾ
(Mentally challenged Parmila living on footpath)



ਸੰਭਾਲ ਉਪਰੰਤ ਪਰਮੀਲਾ
(After care Parmila)



ਦਾਖ਼ਲ ਹੋਣ ਸਮੇਂ ਬਿਮਾਰ ਨਰ ਸਿੰਘ
(Bedridden Nar Singh before admission)



ਸੰਭਾਲ ਉਪਰੰਤ ਸੇਵਾ ਕਰ ਰਿਹਾ ਨਰ ਸਿੰਘ
(After care Nar Singh doing seva in the Ashram)



ਬਿਮਾਰੀ ਨਾਲ ਕੁਰਲਾ ਰਹੀ ਚਰਨਜੀਤ ਕੌਰ ਦਾਖ਼ਲ ਹੋਣ ਤੋਂ ਪਹਿਲਾਂ
(Crying sick Charanjit Kaur before admission)



ਸੰਭਾਲ ਉਪਰੰਤ ਚਰਨਜੀਤ ਕੌਰ
(After care Charanjit Kaur)



ਦਾਖ਼ਲ ਹੋਣ ਸਮੇਂ ਬਿਮਾਰ ਗੁੱਡੂ
(Bedridden sick Guddu before admission)



ਸੰਭਾਲ ਉਪਰੰਤ ਆਸ਼ਰਮ ਵਿੱਚ ਸੇਵਾ ਕਰ ਰਿਹਾ ਗੁੱਡੂ
(Guddu doing seva after care in Ashram)



ਦਾਖ਼ਲ ਹੋਣ ਸਮੇਂ ਬਿਮਾਰ ਯਸ਼ਪਾਲ
(Sick Yashpal before admission)



ਸੰਭਾਲ ਉਪਰੰਤ ਗੇਟ ਤੇ ਸੇਵਾ ਕਰ ਰਿਹਾ ਯਸ਼ਪਾਲ
(Yashpal doing security at gate after care)



ਆਸ਼ਰਮ ਵਿੱਚ ਦਾਖ਼ਲ ਹੋਣ ਸਮੇਂ ਬਿਮਾਰ ਕਿਸ਼ਨ ਲਾਲ
(Bedridden sick Kishan Lal before admission)



ਸੰਭਾਲ ਉਪਰੰਤ ਸੇਵਾ ਕਰਦਾ ਕਿਸ਼ਨ ਲਾਲ
(Kishan Lal doing seva after care)



ਜੋਧਾਂ ਪਿੰਡ ਦੀ ਸੜਕ ਤੇ ਰਹਿ ਰਿਹਾ ਬੇਨਾਮ ਲੜਕਾ
(Nameless boy living on roadside of Vill. Jodhan)



ਸੰਭਾਲ ਉਪਰੰਤ ਬੇਨਾਮ ਲੜਕਾ
(After care the same boy)



## ਬੇਨਾਮ ਬੇਘਰ ਮਰੀਜ਼

ਆਸ਼ਰਮ ਵਿੱਚ ਭਾਵੇਂ 70-80 ਦੇ ਕਰੀਬ ਅਜਿਹੇ ਬੇਘਰ ਮਰੀਜ਼ ਹਨ ਜਿਹੜੇ ਦਿਮਾਗੀ ਸੰਤੁਲਨ ਠੀਕ ਨਾ ਹੋਣ ਕਰਕੇ ਆਪਣਾ ਨਾਮ ਅਤੇ ਘਰ-ਬਾਰ ਵਾਰੇ ਨਹੀਂ ਦੱਸ ਸਕਦੇ ਪਰ ਹੇਠਾਂ ਸਿਰਫ਼ ਉਹੀ ਬੇਨਾਮ ਬੇਘਰ ਮਰੀਜ਼ਾਂ ਵਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਜਿਹੜੇ ਅਪ੍ਰੈਲ 2019 ਤੋਂ ਮਾਰਚ 2020 ਵਿੱਚ ਆਸ਼ਰਮ ਵਿੱਚ ਦਾਖਲ ਹੋਏ। ਇਹਨਾਂ ਵਿਅਕਤੀਆਂ ਦੇ ਘਰ-ਬਾਰ ਵਾਰੇ ਕੋਈ ਪਤਾ ਨਹੀਂ।

## No-name Homeless Patients

About 70-80 homeless mentally challenged patients are living in the Ashram who are unable to reveal their names and / or whereabouts. Only those such patients are mentioned below who were admitted from April 2019 to March 2020.



4 ਜਨਵਰੀ 2020 ਨੂੰ ਪਿੰਡ ਠੱਕਰਵਾਲ ਵਿੱਚ ਘੁੰਮਦੀ ਇਸ ਲੜਕੀ ਨੂੰ ਲਲਤੋਂ ਪੁਲੀਸ ਨੇ ਆਸ਼ਰਮ ਵਿੱਚ ਪੁਚਾਇਆ ।



ਪੱਖੋਵਾਲ ਪਿੰਡ ਦੇ ਬਾਹਰ ਖੇਤਾਂ ਵਿੱਚ ਪਈ ਇਸ ਔਰਤ ਨੂੰ 10 ਜਨਵਰੀ 2020 ਨੂੰ ਪਿੰਡ ਦੇ ਲੋਕਾਂ ਨੇ ਚੁੱਕ ਕੇ ਆਸ਼ਰਮ ਵਿੱਚ ਪੁਚਾਇਆ ।



ਇਸ ਵਿਅਕਤੀ ਨੂੰ 17 ਫਰਵਰੀ 2020 ਨੂੰ ਏਕ ਨੂਰ ਸੰਸਥਾ ਵੱਲੋਂ ਆਸ਼ਰਮ ਵਿੱਚ ਦਾਖ਼ਲ ਕਰਵਾਇਆ ਗਿਆ। ਉੱਠਣ-ਬੈਠਣ ਤੋਂ ਅਸਮਰੱਥ, ਬਗੈਰ ਬੋਲੇ ਅਤੇ ਬਿਨਾਂ ਕੁੱਝ ਖਾਧੇ-ਪੀਤੇ ਦੋ ਦਿਨਾਂ ਬਾਅਦ ਇਹ ਗੁੰਮਨਾਮ ਵਿਅਕਤੀ ਸੁਰਗਵਾਸ ਹੋ ਗਿਆ।



ਇਸ ਬੇਨਾਮ ਲੜਕੇ ਨੂੰ 11 ਮਈ 2019 ਨੂੰ ਆਸ਼ਰਮ ਵਿੱਚ ਦਾਖ਼ਲ ਕੀਤਾ ਗਿਆ। ਕੋਈ ਪਤਾ ਨਹੀਂ ਕੌਣ ਹੈ ।



ਇਸ ਮਾਤਾ ਨੂੰ ਰੇਲਵੇ ਪੁਲਿਸ ਲੁਧਿਆਣਾ ਵੱਲੋਂ 10 ਅਕਤੂਬਰ 2019 ਨੂੰ ਆਸ਼ਰਮ ਵਿੱਚ ਦਾਖ਼ਲ ਕਰਵਾਇਆ ਗਿਆ ।



ਇਹ ਹਿਜੜਾ (no-gender) ਵਿਅਕਤੀ ਏਕ ਨੂਰ ਸੰਸਥਾ ਵੱਲੋਂ 24 ਦਸੰਬਰ 2019 ਨੂੰ ਆਸ਼ਰਮ ਵਿੱਚ ਭੇਜਿਆ ਗਿਆ ।



ਬਿਕਰਮ ਸਿੰਘ ਨੂੰ ਏਕ ਨੂਰ ਸੰਸਥਾ ਵੱਲੋਂ 10 ਜੂਨ 2019 ਨੂੰ ਆਸ਼ਰਮ ਵਿੱਚ ਭੇਜਿਆ ਗਿਆ । ਘਰ-ਬਾਰ ਵਾਰੇ ਕੁੱਝ ਨਹੀਂ ਦੱਸ ਸਕਿਆ । 29 ਜੂਨ 2019 ਨੂੰ ਸੁਰਗਵਾਸ ਹੋ ਗਿਆ ।



ਤਰਸੇਮ ਸਿੰਘ ਰੇਲਵੇ ਪੁਲਿਸ ਵੱਲੋਂ 28 ਨਵੰਬਰ 2019 ਨੂੰ ਆਸ਼ਰਮ ਵਿੱਚ ਭੇਜਿਆ ਗਿਆ । ਘਰ-ਬਾਰ ਵਾਰੇ ਕੁੱਝ ਨਹੀਂ ਦੱਸ ਸਕਿਆ । 18 ਦਸੰਬਰ 2019 ਨੂੰ ਇਹ ਸੁਰਗਵਾਸ ਹੋ ਗਿਆ ।

## ਤਸਵੀਰਾਂ ਦੀ ਜ਼ੁਬਾਨੀ



ਸ਼ੈੱਡ ਵਿੱਚ ਪਏ ਉਹ ਮਰੀਜ਼ ਜੋ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ



ਮਰੀਜ਼ਾਂ ਨੂੰ ਚੈੱਕ ਕਰ ਰਹੇ ਡਾ. ਰਾਹੁਲ, ਅਜੈ ਪ੍ਰਤਾਪ ਅਤੇ ਨਰਸ ਹਰਮਨਜੋਤ



ਜਖ਼ਮੀ ਲੋੜਵੰਦ ਦੀ ਪੱਟੀ ਕਰ ਰਹੇ ਡਾਕਟਰ ਅਤੇ ਸੇਵਾਦਾਰ



ਬਿਮਾਰ ਲੋੜਵੰਦ ਨੂੰ ਇਸ਼ਨਾਨ ਕਰਾਉਂਦੇ ਸੇਵਾਦਾਰ



ਗੁਰੂ ਕਾ ਲੰਗਰ ਤਿਆਰ ਕਰਦੀਆਂ ਬੀਬੀਆਂ



ਗੁਰੂ ਕਾ ਲੰਗਰ ਛਕ ਰਹੇ ਲੋੜਵੰਦ

## ਆਸ਼ਰਮ ਦੇ ਮੌਜੂਦਾ ਮੈਂਬਰ

ਸਾਬਕਾ ਪ੍ਰੋ.ਫ਼ੈਸਰ ਅਤੇ ਸਾਇੰਸਦਾਨ ਡਾ. ਨੌਰੰਗ ਸਿੰਘ ਮਾਂਗਟ, ਸਾਬਕਾ ਪ੍ਰੋ.ਫ਼ੈਸਰ ਡਾ. ਕਾਰਜ ਸਿੰਘ ਢਿੱਲੋਂ, ਸ. ਚਰਨ ਸਿੰਘ ਪਿੰਡ ਜੋਧਾਂ, ਸ. ਕੁਲਦੀਪ ਸਿੰਘ ਲੁਧਿਆਣਾ, ਮੇਜਰ ਸਿੰਘ ਪਿੰਡ ਦਾਦ, ਅਮਰਜੀਤ ਸਿੰਘ ਲੁਧਿਆਣਾ ਅਤੇ ਬੀਬੀ ਹਰਿੰਦਰ ਕੌਰ ਪਿੰਡ ਅੱਬੂਵਾਲ ।

## FUTURE NEEDS


(1) Construction of separate building for males will start in December 2020.

(2) As most of the patients living in the Ashram are mentally challenged, paralyzed, disabled, infirm and bedridden, it is very difficult to carry them to a hospital. A small hospital is the need of the hour so that the better medical treatment is provided at the Ashram.

## ਭਵਿੱਖ ਦੀਆ ਯੋਜਨਾਵਾਂ

- ਮਰਦਾਂ ਨੂੰ ਔਰਤਾਂ ਤੋਂ ਅਲੱਗ ਰੱਖਣ ਲਈ ਨਵੀਂ ਬਿਲਡਿੰਗ ਬਣਾਉਣ ਦੀ ਦਸੰਬਰ 2020 ਵਿੱਚ ਤਿਆਰੀ ।
- ਆਸ਼ਰਮ ਵਿੱਚ ਛੋਟੇ ਜਿਹੇ ਹਸਪਾਤਲ ਦੀ ਸਖ਼ਤ ਜ਼ਰੂਰਤ ਹੈ ਤਾਂ ਕਿ ਲੋੜ ਪੈਣ ਤੇ ਲੋੜਵੰਦਾਂ ਦਾ ਚੰਗਾ ਇਲਾਜ ਆਸ਼ਰਮ ਵਿੱਚ ਹੀ ਹੋ ਸਕੇ ।

**ਨੋਟ: ਆਸ਼ਰਮ ਵਿਖੇ ਹਰ ਸਾਲ ਫਰਵਰੀ ਦੇ ਆਖਰੀ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਂਦੇ ਹਨ।**




**MAILING ADDRESS :**

V.P.O. Sarabha, Tehsil & Distt. Ludhiana-141105, Punjab

Mobile (India) : 95018-42505, 95018-42506

nsmangat14@hotmail.com, naurangsinghmangat@gmail.com

www.facebook.com/pages/Guru-Amar-Das-Apahaj-Ashram/487373268061404

www.apahajashram.org

For movies one can search

**"Guru Amar Das Apahaj Ashram" in www.youtube.com**

Printed by : Ram Printers, Ldh. +91-9463283841